## ਕਲਾਸ ਗਿਆਰਵੀਂ ਪੇਪਰ ਹਿਸਟਰੀ ਸਤੰਬਰ ਪ੍ਰੀਖਿਆ

**ਭਾਗ (ੳ)** **ਕੁੱਲ ਅੰਕ (80) ਸਮਾਂ 3 ਘੰਟੇ**

**ਹੇਠ ਲਿਖਿਆਂ ਪ੍ਰਸ਼ਨਾਂ ਦੇ ਉੱਤਰ 1-1 ਸ਼ਬਦ ਜਾਂ ਵਾਕ ਵਿੱਚ ਦਿਉ।**

1.ਸਿੰਧ ਘਾਟੀ ਦੇ ਲੋਕ ਕਿਹੜੇ ਪਸ਼ੂ ਤੋਂ ਜਾਣੂ ਨਹੀ ਸਨ ?
2 ਬੁੱਧ ਧਰਮ ਦਾ ਮੋਢੀ ਕੌਣ ਸੀ ?
3. ਰਮਾਇਣ ਦੀ ਰਚਨਾਂ ਕਿਸ ਨੇ ਕੀਤੀ ਸੀ ?
4. ਜੈਨ ਮੱਤ ਦੇ ਕਿੰਨੇ ਤੀਰਥਾਂਕਰ ਹੋਏ ਸਨ ?
5. ਸਿੰਧ ਘਾਟੀ ਸੱਭਿਅਤਾ ਦੀ ਖੋਜ ਕਿਸ ਨੇ ਕੀਤੀ ?
6. ਆਰੀਆ ਸਬਦ ਤੋਂ ਕੀ ਭਾਵ ਹੈ?
7. ਸਿਕੰਦਰ ਕਿੱਥੋਂ ਦਾ ਰਾਜਾ ਸੀ ?
8. ਆਰੀਆਂ ਦਾ ਸਭ ਤੋਂ ਪੁਰਾਣਾ ਗ੍ਰੰਥ ਕਿਹੜਾ ਹੈ ?
9. ਮਹਿਮੂਦ ਗਜਨਵੀ ਕਿੱਥੋਂ ਦਾ ਸ਼ਾਸ਼ਕ ਸੀ ?
10.ਤਰਾਇਨ ਦੀ ਪਹਿਲੀ ਲੜਾਈ ਕਦੋਂ ਹੋਈ ?
11.ਮਹਿਮੂਦ ਗਜਨਵੀ ਨੇ ਭਾਰਤ ਤੇ ਕਿੰਨੇ ਹਮਲੇ ਕੀਤੇ ?
12. ਸਿਕੰਦਰ ਦੇ ਪਿਤਾ ਦਾ ਕੀ ਨਾਮ ਸੀ ?
13. ਕਲਿੰਗ ਦੇ ਯੁੱਧ ਤੋਂ ਬਾਅਦ ਅਸੋਕ ਨੇ ਕਿਹੜਾ ਧਰਮ ਅਪਣਾਇਆ/
14 ਸਿੱਖ ਧਰਮ ਦੇ ਮੋਢੀ ਕੌਣ ਸਨ ?
15. ਸਿੰਧ ਘਾਟੀ ਦੀ ਲਿਪੀ ਕਿਹੋ ਜਿਹੀ ਸੀ ?
16 ਮਹਾਂਭਾਰਤ ਦੀ ਰਚਨਾਂ ਕਿਸ ਨੇ ਕੀਤੀ ?
17 ਮੌਰੀਆ ਕਾਲ ਵਿੱਚ ਲੋਕਾਂ ਦਾ ਮੁੱਖ ਕਿੱਤਾ ਕੀ ਸੀ ?
18. ਮੋਹਨਜੋਦੜੋ ਤੋਂ ਕੀ ਭਾਵ ਹੈ?
19. ਆਰਕਟਿੱਕ ਹੋਮ ਇਨ ਬੇਦਾਜ ਦਾ ਲੇਖਕ ਕੌਣ ਸੀ ?
20. ਮਹਾਂਵੀਰ ਦਾ ਬਚਪਨ ਦਾ ਕੀ ਨਾਮ ਸੀ ? **(1*20=20)**

**ਭਾਗ (ਅ) ਹੇਠ ਲਿਖਿਆਂ ਵਿੱਚੋਂ ਕੋਈ ਪੰਜ ਪ੍ਰਸ਼ਨਾਂ ਦੇ ਉੱਤਰ 35-40 ਸ਼ਬਦ ਵਿੱਚ ਦਿਉ।**

**21.** ਸਿੰਧ ਘਾਟੀ ਸੱਭਿਅਤਾ ਦੀ ਨਗਰ ਯੋਜਨਾਂ ਦੀਆਂ ਵਿਸ਼ੇਸ਼ਤਾਵਾਂ ਦੀ ਜਾਣਕਾਰੀ ਦਿਉ ।
22. ਬੁੱਧ ਧਰਮ ਦੀਆਂ ਚਾਰ ਸੱਚਾਈਆਂ ਬਾਰੇ ਤੁਸੀ ਕੀ ਜਾਣਦੇ ਹੋ ?
23. ਆਵਾਗੌਣ ਦੇ ਕਰਮ ਸਿਧਾਂਤ ਤੋਂ ਕੀ ਭਾਵ ਹੈ ?
24. ਰਿਗਵੈਦਿਕ ਕਾਲ ਵਿੱਚ ਇਸਤਰੀਆਂ ਦੀ ਹਾਲਤ ਕਿਹੋ ਜਿਹੀ ਸੀ ?
25. ਨਾਲੰਦਾ ਯੂਨੀਵਰਸਟੀ ਤੇ ਇੱਕ ਨੋਟ ਲਿਖੋ।
26. ਗੁਪਤ ਸਾਮਰਾਜ ਦੇ ਪਤਨ ਹੋਣ ਦੇ ਕੀ ਮੁੱਖ ਕਾਰਨ ਸਨ ? **(3*5=15)**

**ਭਾਗ (ੲ)**

27.**ਹੇਠ ਲਿਖੇ ਪੈਰੇ ਨੂੰ ਪੜੋ ਅਤੇ ਉੱਤਰ ਲਿਖੋ।**

ਹਰਸ਼ ਵਰਧਨ ਨੇ ਕਨੌਜ ਨੂੰ ਆਪਣੇ ਸਾਮਰਾਜ ਦੀ ਰਾਜਧਾਨੀ ਬਣਾ ਕੇ ਇੱਕ ਗੌਰਵਮਈ ਸਥਾਂਨ ਪ੍ਰਦਾਨ ਕੀਤਾ ਸੀ ।ਇਹ ਉੱਤਰੀ ਭਾਰਤ ਦਾ ਸਭ ਤੋਂ ਪ੍ਰਸਿੱਧ ਸੱਭਿਆਚਾਰਕ ਕੇਂਦਰ ਸੀ ।ਇਥੋ ਦਾ ਇਲਾਕਾ ਉਪਜਾਊ ਸੀ ।ਇਸ ਲਈ ਕਨੌਜ ਨੂੰ ਪ੍ਰਾਪਤ ਕਰਨ ਵਾਲਾ ਅਪਾਰ ਧੰਨ ਹਾਸਿਲ ਕਰ ਸਕਦਾ ਸੀ ।ਇਸ ਤੋਂ ਇਲਾਵਾ ਉਸ ਸਮੇਂ ਦੇ ਰਾਜਿਆਂ ਦਾ ਇਹ ਖਿਆਲ ਸੀ ਕਿ ਕੋਈ ਵੀ ਰਾਜਾ ਕਨੌਜ ਉਪਰ ਆਪਣਾ ਅਧਿਕਾਰ ਕਰਕੇ ਉੱਤਰੀ

ਭਾਰਤ ਉੱਤੇ ਆਪਣੀ ਸਰਵਉਚਤਾ ਦਾ ਦਾਅਵਾ ਕਰ ਸਕਦਾ ਹੈ।ਇਸ ਕਾਰਨ ਕਨੌਜ ਰਾਜਨੀਤਕ, ਸੰਸਕ੍ਰਿਤਕ ,ਅਤੇ ਆਰਥਿਕ ਪੱਖੋਂ ਬੜਾਂ ਮਹੱਤਵਪੂਰਣ ਇਲਾਕਾ ਸੀ । ਇਸ ਕਾਰਣ ਕਰਕੇ ਕਈ ਰਾਜਿਆਂ ਨੇ ਕਨੌਜ ਨੂੰ ਆਪਣੇ ਅਧੀਨ ਕਰਨ ਦੇ ਯਤਨ ਕੀਤੇ।ਇਸ ਉੱਤੇ ਕਬਜਾ ਕਰਨ ਲਈ ਸਭ ਤੋਂ ਮਹੱਤਵਪੂਰਨ ਲੜਾਈ ਪਾਲ,ਰਾਸ਼ਟਰਕੂਟ ਅਤੇ ਪ੍ਰਤੀਹਾਰ ਰਾਜਿਆਂ ਵਿਚਕਾਰ ਹੋਈ। ਇਸ ਨੂੰ ਇਤਿਹਾਸ ਵਿੱਚ ਤਿੰਨ ਪੱਖੀ ਸੰਘਰਸ਼ ਵੀ ਕਹਿੰਦੇ ਹਨ।ਇਹ ਸਘੰਰਸ਼ 200 ਸਾਲ ਤੱਕ ਜਾਰੀ ਰਿਹਾ।

(i) ਹਰਸਵਰਧਨ ਦੀ ਰਾਜਧਾਨੀ ਦਾ ਕੀ ਨਾਂ ਸੀ ?

(ii) ਕਨੌਜ ਦੀ ਪ੍ਰਸਿੱਧੀ ਦੇ 2 ਕਾਰਨ ਲਿਖੋ।

(iii) ਕਨੌਜ ਤੇ ਅਧਿਕਾਰ ਕਰਨ ਸਮੇਂ ਕਿਹੜੇ ਰਾਜਿਆਂ ਦਾ 200 ਸਾਲ ਤੱਕ ਸੰਘਰਸ਼ ਚਲਦਾ ਰਿਹਾ ?

(iv) ਕਨੌਜ ਤੇ ਅਧਿਕਾਰ ਕਰਨ ਲਈ ਰਾਜਿਆਂ ਵਿਚਕਾਰ ਹੋਏ ਸੰਘਰਸ਼ ਨੂੰ ਕਿਸ ਨਾਂ ਨਾਲ ਜਾਣਿਆਂ ਜਾਂਦਾ ਹੈ ?

(v) ਕਨੌਜ ਦਾ ਇਲਾਕਾ ਕਿਹੋ ਜਿਹਾ ਸੀ ? (1*5=5)

**ਭਾਗ (ਸ)** ਪੰਜ ਸਵਾਲ ਕਰੋ

28. ਸਿੰਧ ਘਾਟੀ ਦੀ ਸੱਭਿਅਤਾ ਦੇ ਪਤਨ ਦੇ ਅਲੋਪ ਹੋਣ ਦੇ ਕੀ ਕਰਨ ਸਨ ?

29. ਮਹਿਮੂਦ ਗਜਨਵੀ ਦੇ ਭਾਰਤ ਤੇ ਹਮਲਿਆਂ ਦੇ ਕੀ ਕਾਰਨ ਸਨ ?

30. ਆਰੀਆਂ ਦੀ ਭਾਰਤੀ ਸੱਭਿਅਤਾ ਨੂੰ ਕੀ ਦੇਣ ਹੈ ?

31. ਰਿਗਵੈਦਿਕ ਆਰੀਆ ਦਾ ਸਮਾਜਿਕ ਜੀਵਨ ਕਿਹੋ ਜਿਹਾ ਸੀ? ਵਿਸਤ੍ਰਿਤ ਜਾਣਕਾਰੀ ਦਿਓ

32. ਮਹਾਂਵੀਰ ਜੀ ਦੀਆਂ ਪੰਜ ਸਿੱਖਿਆਵਾਂ ਲਿਖੋ। (5*5=25)

**ਭਾਗ (ਹ)**

**33** ਸਿੰਧ ਘਾਟੀ ਸੱਭਿਅਤਾ ਦੇ ਕੋਈ ਪੰਜ ਮੁੱਖ ਕੇਂਦਰ ਨਕਸ਼ੇ ਵਿੱਚ ਦਰਸਾਉ ਤੇ ਉਹਨਾਂ ਦਾ ਹਾਲ ਲਿਖੋ।